# ਜਨਤਕ ਸੂਚਨਾ

ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਸਿਵਲ ਰਿਟ ਪਟੀਸ਼ਨ ਨੰ: 23979 ਆਫ 2013 (ਡੋਜੀ ਬਨਾਮ ਸਟੇਟ ਆਫ ਪੰਜਾਬ) ਵਿਚ ਹੁਕਮ ਮਿਤੀ 11-11-2014 ਰਾਹੀਂ ਜਾਰੀ ਕੀਤੇ ਗਏ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਜਿਹੜੇ ਭੌਂ ਮਾਲਕਾਂ ਦੀ ਜਮੀਨ ਵੱਖ-ਵੱਖ ਅਵਾਰਡਾਂ ਰਾਹੀਂ ਗਮਾਡਾ ਦੇ ਅਲੱਗ-ਅਲੱਗ ਪ੍ਰੋਜੈਕਟਾਂ (ਰਿਹਾਇਸ਼ੀ/ਵਪਾਰਕ/ਉਦਯੋਗਿਕ) ਲਈ ਐਕਵਾਇਰ ਕੀਤੀ ਗਈ ਸੀ, ਪ੍ਰੰਤੂ ਭੌਂ ਮਾਲਕਾਂ ਵੱਲੋਂ ਹੁਣ ਤੱਕ ਨਿਕਾਸੀ ਸ੍ਰੇਣੀ ਅਧੀਨ ਪਲਾਟਾਂ ਅਲਾਟਮੈਂਟ ਵਾਸਤੇ ਅਪਲਾਈ ਨਹੀਂ ਕੀਤਾ ਗਿਆ, ਉਨ੍ਹਾਂ ਨਿਕਾਸੀਆਂ ਤੋਂ ਪੰਜਾਬ ਸਰਕਾਰ ਦੀ ਸਬੰਧਤ ਔਸਟੀ ਪਾਲਿਸੀ ਜੋ ਕਿ ਭੌਂ ਪ੍ਰਾਪਤੀ ਸਮੇਂ ਲਾਗੂ ਸੀ, ਵਿਚ ਦਰਸਾਈ ਗਈ ਯੋਗਤਾ ਪੂਰੀ ਕਰਨ ਦੀ ਸ਼ਰਤ ਤੇ ਸਬੰਧਤ ਸੈਕਟਰਾਂ, ਜਿਥੇ ਇਸ ਸ੍ਰੇਣੀ ਵਾਸਤੇ ਪਲਾਟ ਉਪਲਬਧ ਹਨ, ਵਿਖੇ ਵੱਖ-ਵੱਖ ਸਾਈਜਾਂ ਦੇ ਰਿਹਾਇਸੀ ਪਲਾਟ ਅਲਾਟ ਕਰਨ ਵਾਸਤੇ **ਅਰਜੀਆਂ ਦੀ ਮੰਗ ਕੀਤੀ ਜਾਂਦੀ ਹਨ।** ਜਿਹੜੇ ਨਿਕਾਸੀਆਂ ਦੀ ਜ਼ਮੀਨ ਸਾਲ 2001 ਤੋਂ ਪਹਿਲਾਂ ਦੀ ਐਕਵਾਇਰ ਕੀਤੀ ਗਈ ਹੈ, ਉਨ੍ਹਾਂ ਤੇ ਸਾਲ 1994 ਦੀ ਪਾਲਿਸੀ ਲਾਗੂ ਹੋਵੇਗੀ, ਭਾਵ ਸਾਂਝੇਦਾਰਾਂ ਨੂੰ ਸਾਂਝੇ ਪਲਾਟ ਦੀ ਅਲਾਟਮੈਂਟ ਕੀਤੀ ਜਾਵੇਗੀ। ਉਨ੍ਹਾਂ ਦੇ ਪਲਾਟ ਲੈਣ ਦੀ ਯੋਗਤਾ ਹੇਠ ਲਿਖੇ ਅਨੁਸਾਰ ਹੈ:-

ਕਾਲਮ ਨੰ: 1

| ਐਕਵਾਇਰ ਹੋਈ ਜਮੀਨ ਦਾ ਰਕਬਾ | ਪਲਾਟ ਲਈ ਯੋਗਤਾ | ਬਿਨੈਕਾਰ ਨਾਲ ਜਮ੍ਹਾਂ ਕੀਤੀ ਜਾਣ ਵਾਲੀ ਰਕਮ |
|---|---|---|
| 1/2 ਏਕੜ ਤੋਂ 3 ਏਕੜ ਤੱਕ | 100 ਵ:ਗਜ | 1,00,000/- ਰੁਪਏ |
| 3 ਏਕੜ ਤੋਂ 5 ਏਕੜ ਵਿਚਕਾਰ | 200 ਵ:ਗਜ | 1,00,000/- ਰੁਪਏ |
| 5 ਏਕੜ ਤੋਂ ਵੱਧ | 500 ਵ:ਗਜ | 1,00,000/- ਰੁਪਏ |

ਜਿਹੜੇ ਨਿਕਾਸੀਆਂ ਦੀ ਜਮੀਨ ਸਾਲ 2001 ਜਾਂ ਉਸ ਤੋਂ ਬਾਅਦ ਅਤੇ 25-05-2011 ਤੋਂ ਪਹਿਲਾਂ ਐਕਵਾਇਰ ਕੀਤੀ ਗਈ ਸੀ, ਉਨ੍ਹਾਂ ਤੇ ਮਿਤੀ 25-05-2011 ਰਾਹੀਂ ਜਾਰੀ ਹੋਈ ਪਾਲਿਸੀ ਦਾ ਪੈਰਾ ਨੰ: 2.2 ਲਾਗੂ ਹੋਵੇਗਾ, ਭਾਵ ਸਾਂਝੇਦਾਰ ਅਲੱਗ-ਅਲੱਗ ਜਾਂ ਸਾਂਝੇ ਖਾਤੇ ਅਧੀਨ ਦੀ ਯੋਗਤਾ ਅਨੁਸਾਰ ਪਲਾਟ ਦੇ ਹੱਕਦਾਰ ਹੋਣਗੇ ਉਨ੍ਹਾਂ ਤੋਂ ਸ਼ਹਿਰੀ ਮਿਲਖ ਐਸ.ਏ.ਐਸ. ਨਗਰ ਵਿੱਚ ਹੇਠ ਲਿਖੇ ਅਨੁਸਾਰ ਰਿਹਾਇਸ਼ੀ ਪਲਾਟਾਂ ਦੀ **ਅਲਾਟਮੈਂਟ ਲਈ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ।**

ਕਾਲਮ ਨੰ: 2

| ਐਕਵਾਇਰ ਹੋਈ ਜਮੀਨ ਦਾ ਰਕਬਾ | ਪਲਾਟ ਲਈ ਯੋਗਤਾ | ਬਿਨੈਕਾਰ ਨਾਲ ਜਮ੍ਹਾਂ ਕੀਤੀ ਜਾਣ ਵਾਲੀ ਰਕਮ |
|---|---|---|
| 1/2 ਏਕੜ ਤੋਂ 3 ਏਕੜ ਤੱਕ | 100 ਵ:ਗਜ | 1,00,000/- ਰੁਪਏ |
| 3 ਏਕੜ ਤੋਂ 5 ਏਕੜ ਵਿਚਕਾਰ | 200 ਵ:ਗਜ | 1,00,000/- ਰੁਪਏ |
| 5 ਏਕੜ ਤੋਂ ਵੱਧ | 500 ਵ:ਗਜ | 1,00,000/- ਰੁਪਏ |

ਜਿਹੜੇ ਨਿਕਾਸੀਆਂ ਦੀ ਜਮੀਨ ਸਾਲ 25-05-2011 ਤੋਂ ਬਾਅਦ ਐਕਵਾਇਰ ਕੀਤੀ ਗਈ ਸੀ, ਉਨ੍ਹਾਂ ਤੇ ਮਿਤੀ 25-05-2011 ਦੀ ਪਾਲਿਸੀ ਦਾ ਪੈਰਾ ਨੰ: 2.2 ਲਾਗੂ ਹੋਵੇਗਾ, ਉਨ੍ਹਾਂ ਤੋਂ ਸ਼ਹਿਰੀ ਮਿਲਖ ਐਸ.ਏ.ਐਸ. ਨਗਰ ਵਿੱਚ ਹੇਠ ਲਿਖੇ ਅਨੁਸਾਰ ਰਿਹਾਇਸ਼ੀ ਪਲਾਟਾਂ ਦੀ **ਅਲਾਟਮੈਂਟ ਲਈ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ।**

ਕਾਲਮ ਨੰ: 3

| ਐਕਵਾਇਰ ਹੋਈ ਜਮੀਨ ਦਾ ਰਕਬਾ | ਪਲਾਟ ਲਈ ਯੋਗਤਾ | ਬਿਨੈਕਾਰ ਨਾਲ ਜਮ੍ਹਾਂ ਕੀਤੀ ਜਾਣ ਵਾਲੀ ਰਕਮ |
|---|---|---|
| 1/2 ਏਕੜ ਤੋਂ 1 ਏਕੜ ਤੱਕ | 100 ਵ:ਗਜ | 1,00,000/- ਰੁਪਏ |
| 1 ਏਕੜ ਤੋਂ ਵੱਧ ਅਤੇ 2 ਏਕੜ ਤੱਕ | 200 ਵ:ਗਜ | 1,00,000/- ਰੁਪਏ |
| 2 ਏਕੜ ਤੋਂ ਵੱਧ ਅਤੇ 3 ਏਕੜ ਤੱਕ | 300 ਵ:ਗਜ | 1,00,000/- ਰੁਪਏ |
| 3 ਏਕੜ ਤੋਂ ਵੱਧ ਅਤੇ 4 ਏਕੜ ਤੱਕ | 400 ਵ:ਗਜ | 1,00,000/- ਰੁਪਏ |
| 4 ਏਕੜ ਤੋਂ ਵੱਧ | 500 ਵ:ਗਜ | 1,00,000/- ਰੁਪਏ |

1. ਜਿਥੇ ਇਕ ਤੋਂ ਵੱਧ ਭੌਂ ਮਾਲਕਾਂ ਦੀ 1/2 ਏਕੜ ਜਾਂ ਉਸ ਤੋਂ ਵੱਧ ਜਮੀਨ ਐਕੁਵਾਇਰ ਹੋਈ ਹੈ, ਉੱਥੇ ਸਾਂਝੇ ਖਾਤੇ ਵਾਲੀ ਭੌਂ ਦੇ ਮਾਲਕ ਸਾਂਝੇ ਖਾਤੇ ਵਿੱਚ ਐਕੁਵਾਇਰ ਹੋਈ ਜਮੀਨ ਵਿਰੁੱਧ ਬਣਦੇ ਹਿੱਸੇ ਮੁਤਾਬਿਕ ਅਤੇ ਯੋਗਤਾ ਅਨੁਸਾਰ ਵਖਰੇ ਪਲਾਟ ਲੈਣ ਦੇ ਯੋਗ ਹੋਣਗੇ। ਫਿਰ ਵੀ ਜੇਕਰ ਸਾਰੇ ਜਾਂ ਕੁਝ ਸਾਂਝੀਦਾਰ ਪਲਾਟ ਲਈ ਸਾਂਝੇ ਤੌਰ ਤੇ ਅਪਲਾਈ ਕਰਦੇ ਹਨ ਤਾਂ ਉਨ੍ਹਾਂ ਦੀ ਸਾਂਝੇ ਤੌਰ ਤੇ ਐਕੁਵਾਇਰ ਹੋਈ ਜਮੀਨ ਨੂੰ ਇਕੱਠਾ ਮੰਨ ਕੇ ਅਲਾਟਮੈਂਟ ਯੋਗਤਾ ਮਿਥੀ ਜਾਵੇਗੀ।
2. ਵੱਡੇ ਸਾਈਜਾਂ ਦੇ ਪਲਾਟ ਲਈ ਯੋਗ ਵਿਅਕਤੀ ਆਪਣੀ ਮਰਜੀ ਨਾਲ ਛੋਟੇ ਪਲਾਟ ਦੀ ਅਲਾਟਮੈਂਟ ਲਈ ਦਰਖਾਸਤ ਦੇ ਸਕਦੇ ਹਨ।
3. ਐਕਵਾਇਰ ਹੋਈ ਭੌਂ ਦਾ ਸਰਟੀਫਿਕੇਟ, ਭੌਂ ਪ੍ਰਾਪਤੀ ਕੁਲੈਕਟਰ, ਸ਼ਹਿਰੀ ਵਿਕਾਸ, ਐਸ.ਏ.ਐਸ.ਨਗਰ ਤੋਂ ਪ੍ਰਾਪਤ ਕਰਕੇ ਨਾਲ ਨੱਥੀ ਕੀਤਾ ਜਾਵੇ।
4. ਜਿਹੜੇ ਵਿਅਕਤੀਆਂ ਨੇ ਨਿਕਾਸੀ ਸ੍ਰੇਣੀ ਅਧੀਨ ਪਲਾਟਾਂ ਦੀ ਅਲਾਟਮੈਂਟ ਵਾਸਤੇ ਮਿਤੀ 07-05-2001 ਤੋਂ ਬਾਅਦ ਪੁੱਡਾ/ਗਮਾਡਾ ਦਫਤਰ ਵਿਚ ਦਰਖਾਸਤਾਂ ਦਿੱਤੀਆਂ ਹੋਈਆਂ ਹਨ, ਉਹ ਵੀ ਇਸ ਸੂਚਨਾ ਤਹਿਤ ਨਵੇਂ ਸਿਰੇ ਤੋਂ ਆਪਣੀਆਂ ਦਰਖਾਸਤਾਂ ਦੇਣ ਦੇ ਪਾਬੰਦ ਹਨ। ਪੁਰਾਣੀਆਂ ਅਰਜੀਆਂ ਸਬੰਧੀ ਉਹ ਆਪਣੇ ਫਾਰਮ/ਆਰ ਨੰਬਰ ਦਾ ਹਵਾਲਾ ਜਰੂਰ ਦੇਣ।
5. ਜਿਨ੍ਹਾਂ ਵਿਅਕਤੀਆਂ ਵੱਲੋਂ ਪਹਿਲਾਂ ਪਲਾਟਾਂ ਦੀ ਅਲਾਟਮੈਂਟ ਲਈ ਅਪਲਾਈ ਕੀਤਾ ਹੋਇਆ ਹੈ, ਪਰ ਉਨ੍ਹਾਂ ਨੂੰ ਹੁਣ ਤੱਕ ਪਲਾਟ ਦੀ ਅਲਾਟਮੈਂਟ ਨਹੀਂ ਹੋਈ ਉਹ ਇਸ ਸਕੀਮ ਤਹਿਤ ਦੁਬਾਰਾ ਅਪਲਾਈ ਕਰਨ ਪ੍ਰੰਤੂ ਪਹਿਲਾਂ ਦਿੱਤੀ ਗਈ ਅਰਜੀ ਦਾ ਵੇਰਵਾ ਜਰੂਰ ਦਿੱਤਾ ਜਾਵੇ।
6. ਰਿਹਾਇਸ਼ੀ ਪਲਾਟਾਂ ਦੀ ਅਲਾਟਮੈਂਟ ਡਰਾਅ ਰਾਹੀਂ ਕੀਤੀ ਜਾਵੇਗੀ ਅਤੇ ਭੌਂ ਮਾਲਕ ਦੀ ਜਮੀਨ ਜਿਸ ਸੈਕਟਰ ਵਾਸਤੇ ਐਕਵਾਇਰ ਹੋਈ ਹੈ, ਉਸ ਨੂੰ ਨੇੜੇ ਦੇ ਸੈਕਟਰ ਵਿੱਚ ਪਲਾਟ ਦੀ ਅਲਾਟਮੈਂਟ ਵਾਸਤੇ ਵਿਚਾਰਿਆ ਜਾਵੇਗਾ ਬਸ਼ਰਤੇ ਉਸ ਸੈਕਟਰ ਵਿੱਚ ਨਿਕਾਸੀ ਸ੍ਰੇਣੀ ਲਈ ਅਲਾਟਮੈਂਟ ਵਾਸਤੇ ਪਲਾਟ ਉਪਲਬੱਧ ਹੋਣ। ਪਲਾਟ ਦੀ ਕੀਮਤ ਵੀ ਸਬੰਧਤ ਸੈਕਟਰ ਵਾਸਤੇ ਗਮਾਡਾ ਅਥਾਰਟੀ ਵੱਲੋਂ ਫਿਕਸ ਕੀਤੇ ਗਏ ਰੇਟ ਦੇ ਆਧਾਰ ਤੇ ਨਿਰਧਾਰਤ ਕੀਤੀ ਜਾਵੇਗੀ। ਇਸ ਸਮੇਂ ਗਮਾਡਾ ਅਥਾਰਟੀ ਦੁਆਰਾ ਐਸ.ਏ.ਐਸ. ਨਗਰ ਦੇ ਵੱਖ-ਵੱਖ ਸੈਕਟਰਾਂ ਦੇ ਰਿਹਾਇਸ਼ੀ ਪਲਾਟਾਂ ਦੇ ਫਿਕਸ ਕੀਤੇ ਰੇਟ ਹੇਠ ਲਿਖੇ ਅਨੁਸਾਰ ਹਨ:-

| ਸੈਕਟਰ | ਮੌਜੂਦਾ ਰੇਟ (ਪ੍ਰਤੀ ਵ:ਗਜ) | |
|---|---|---|
| ਈਕੋ ਸਿਟੀ-1 | **ਸਾਈਜ** | **ਮੌਜੂਦਾ ਰੇਟ** |
| | 100 | 15,000/- |
| | 200 | 17,000/- |
| | 300 | 17,000/- |
| | 400 | 17,000/- |
| | 500 | 17,000/- |
| ਈਕੋ ਸਿਟੀ-2 | **ਸਾਈਜ** | **ਮੌਜੂਦਾ ਰੇਟ** |
| | 100 | 21,000/- |
| | 150 | 21,000/- |
| | 200 | 21,000/- |
| | 300 | 21,000/- |
| | 400 | 23,000/- |
| | 500 | 23,000/- |
| ਆਈ.ਟੀ.ਸਿਟੀ | 20,000/- | |
| 65 | 38,500/- | |

7. **ਅਰਜੀਆਂ** ਮਿਤੀ 20-01-2018 ਤੱਕ ਪੂਰੇ ਦਸਤਾਵੇਜਾਂ ਸਮੇਤ ਮਿਲਖ ਅਫਸਰ, ਗਮਾਡਾ /ਪੁੱਡਾ, ਭਵਨ ਸੈਕਟਰ-62, ਐਸ.ਏ.ਐਸ. ਨਗਰ ਦੇ ਦਫਤਰ ਵਿਖੇ ਪਹੁੰਚ ਜਾਣਗੀਆਂ ਚਾਹੀਦੀਆਂ ਹਨ। ਅਧੂਰੀਆਂ ਅਰਜੀਆਂ ਜਾਂ ਸਮੇਂ ਤੋਂ ਬਾਅਦ ਪ੍ਰਾਪਤ ਅਰਜੀਆਂ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।
8. ਸਾਰੇ ਬਿਨੈਕਾਰ ਦੀ ਪਲਾਟ ਦੀ ਅਲਾਟਮੈਂਟ ਸਬੰਧੀ ਯੋਗਤਾ ਚੈੱਕ ਕਰਨ ਉਪਰੰਤ ਹੀ ਡਰਾਅ ਦੀ ਮਿਤੀ ਮੁਕਰੱਰ ਕੀਤੀ ਜਾਵੇਗੀ।
9. ਬਿਨੈਪੱਤਰ ਗਮਾਡਾ ਦੇ ਸਿੰਗਲ ਵਿੰਡੋ ਕਾਊਂਟਰ ਤੋਂ ਦਸਤੀ ਪ੍ਰਾਪਤ ਕੀਤੇ ਜਾ ਸਕਦੇ ਹਨ ਜਾਂ ਗਮਾਡਾ ਦੀ ਵੈਬ ਸਾਈਟ (www.gmada.gov.in) ਤੋਂ ਡਾਊਨ ਲੋਡ ਕੀਤੇ ਜਾ ਸਕਦੇ ਹਨ।

**ਮਿਲਖ ਅਫਸਰ**

**ਗਮਾਡਾ, ਐਸ.ਏ.ਐਸ. ਨਗਰ।**

**ਗਰੇਟਰ ਮੋਹਾਲੀ ਏਰੀਆ ਡਿਵੈੱਲਪਮੈਂਟ ਅਥਾਰਿਟੀ**

**ਪੁੱਡਾ ਭਵਨ ਸੈਕਟਰ-62, ਐਸ.ਏ.ਐਸ. ਨਗਰ**